# Official Spokesperson's response to media queries on today's meeting of NSAs of SCO member states

September 15, 2020

---

## SCO ਦੇ ਮੈਂਬਰ ਦੇਸ਼ਾਂ ਦੇ ਕੌਮੀ ਸੁਰੱਖਿਆ ਸਲਾਹਕਾਰਾਂ (NSAs) ਦੀ ਅੱਜ ਹੋਈ ਬੈਠਕ ਬਾਰੇ ਮੀਡੀਆ ਦੇ ਸਵਾਲਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

15 ਸਤੰਬਰ, 2020

ਅੱਜ ਹੋਈ SCO ਮੈਂਬਰ ਦੇਸ਼ਾਂ ਦੇ ਕੌਮੀ ਸੁਰੱਖਿਆ ਸਲਾਹਕਾਰਾਂ (NSAs) ਦੀ ਬੈਠਕ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਵਿਦੇਸ਼ ਮੰਤਰਾਲੇ ਦੇ ਅਧਿਕਾਰਿਤ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ

SCO ਦੇ ਪ੍ਰਧਾਨ ਰੂਸ ਦੀ ਮੇਜ਼ਬਾਨੀ ਵਿਚ ਹੋਈ ਸ਼ੰਘਾਈ ਸਹਿਕਾਰਤਾ ਸੰਗਠਨ (SCO) ਦੇ ਮੈਂਬਰ ਦੇਸ਼ਾਂ ਦੇ ਕੌਮੀ ਸੁਰੱਖਿਆ ਸਲਾਹਕਾਰਾਂ (NSAs) ਦੀ ਬੈਠਕ ਵਿਚ ਪਾਕਿਸਤਾਨੀ NSA ਨੇ ਜਾਣਬੁੱਝ ਕੇ ਇੱਕ ਮਨਘੜੰਤ ਨਕਸ਼ਾ ਪੇਸ਼ ਕੀਤਾ ਜਿਸਦਾ ਪ੍ਰਚਾਰ ਪਾਕਿਸਤਾਨ ਹਾਲ ਵਿਚ ਹੀ ਕਰਦਾ ਰਿਹਾ ਹੈ। ਇਹ ਕਦਮ ਮੇਜ਼ਬਾਨ ਦੁਆਰਾ ਦਿੱਤੀ ਗਈ ਸਲਾਹ ਦੇ ਖਿਲਾਫ ਅਤੇ ਬੈਠਕ ਦੇ ਨਿਯਮਾਂ ਦੀ ਉਲੰਘਣਾ ਸੀ। ਮੇਜ਼ਬਾਨ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਭਾਰਤੀ ਪੱਖ ਨੇ ਉਸੇ ਵੇਲੇ ਆਪਣੇ ਵਿਰੋਧ ਵਜੋਂ ਬੈਠਕ ਛੱਡ ਦਿੱਤੀ।

ਜਿਵੇਂ ਕਿ ਪਹਿਲਾਂ ਹੀ ਆਸ ਕੀਤੀ ਜਾ ਸਕਦੀ ਸੀ, ਇਸ ਘਟਨਾ 'ਤੋਂ ਬਾਅਦ ਪਾਕਿਸਤਾਨ ਨੇ ਇਸ ਬੈਠਕ ਬਾਰੇ ਗੁੰਮਰਾਹਕੁੰਨ ਪੱਖ ਪੇਸ਼ ਕੀਤਾ।

ਨਵੀਂ ਦਿੱਲੀ

15 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.